ਚੋਣਕਾਰ ਰਜਿਸਟਰੇਸ਼ਨ ਅਫਸਰ, 092-ਬਠਿੰਡਾ (ਸ਼ਹਿਰੀ)
-ਕਮ- ਉਪ ਮੰਡਲ ਮੈਜਿਸਟਰੇਟ, ਬਠਿੰਡਾ

E-Mail ID :- ero-92@punjab.gov.in

2026651115
11/5/2026
ਜ.ਨ.1

ਪੱਤਰ ਨੰ. 554...../ਚੋਣ 2026 ਮਿਤੀ 08/05/2026

ਵੱਲ

ਸਮੂਹ ਬੀ.ਐਲ.ਓਜ.
092 ਬਠਿੰਡਾ (ਸ਼ਹਿਰੀ)।

ਵਿਸ਼ਾ:- **ਘੱਟ ਵੋਟਰ ਮੈਪਿੰਗ ਪ੍ਰਤੀਸ਼ਤਤਾ ਹੋਣ ਕਾਰਨ ਬੀ.ਐਲ.ਓਜ ਨੂੰ ਮੈਪਿੰਗ ਲਈ ਵਿਭਾਗੀ ਡਿਊਟੀ ਤੋਂ ਫਾਰਗ ਕਰਵਾਉਣ ਸਬੰਧੀ।**

ਉਪਰੋਕਤ ਵਿਸ਼ੇ ਅਤੇ ਹਵਾਲੇ ਅਧੀਨ ਪੱਤਰ ਦੇ ਸਬੰਧ ਵਿੱਚ ਲਿਖਿਆ ਜਾਂਦਾ ਹੈ ਕਿ ਮਾਨਯੋਗ ਮੁੱਖ ਚੋਣ ਅਫਸਰ, ਪੰਜਾਬ ਜੀ ਵੱਲੋ ਪ੍ਰਾਪਤ ਹੋਇਆ ਹਦਾਇਤਾਂ ਅਨੁਸਾਰ 092 ਬਠਿੰਡਾ ਸ਼ਹਿਰੀ ਦੀ ਮੈਪਿੰਗ ਪ੍ਰਤੀਸ਼ਤਤਾ 65% ਤੋਂ ਵੀ ਘੱਟ ਹੈ ਅਤੇ ਉਨ੍ਹਾਂ ਵਲੋਂ ਮੈਪਿੰਗ ਪ੍ਰੀਤਸ਼ਸ਼ਤਤਾ ਵਧਾਉਣ ਲਈ ਆਪ ਨੂੰ ਤੁਰੰਤ ਕਾਰਵਾਈ ਕਰਨ ਲਈ ਹਦਾਇਤ ਕੀਤੀ ਗਈ ਹੈ। **ਇਸ ਸਬੰਧੀ ਉਨ੍ਹਾਂ ਵਲੋਂ ਹਰ ਰੋਜ਼ ਬੂਥ ਵਾਈਜ਼ ਮੈਪਿੰਗ ਪ੍ਰਤੀਸ਼ਤਤਾ ਰੀਵਿਊ ਕੀਤੀ ਜਾਵੇਗੀ।** ਇਸ ਲਈ ਆਪ ਨੂੰ ਐਸ.ਆਈ.ਆਰ. 2026 ਦੀ ਮੈਪਿੰਗ ਪ੍ਰੋਗਰੈਸ ਵਧਾਉਣ ਲਈ ਅਗਲੇ ਹੁਕਮਾਂ ਤੱਕ ਵਿਭਾਗੀ ਡਿਊਟੀ ਤੋਂ ਫਾਰਗ ਕੀਤਾ ਜਾਂਦਾ ਹੈ ਅਤੇ ਹਦਾਇਤ ਕੀਤੀ ਜਾਂਦੀ ਹੈ ਕਿ ਆਪਣੀ ਵੋਟਰ ਮੈਪਿੰਗ ਪ੍ਰਤੀਸ਼ਤਤਾ 100% ਕੀਤੀ ਜਾਵੇ। ਜੇਕਰ ਆਪ ਵਲੋਂ ਬੀ.ਐਲ.ਓ ਡਿਊਟੀ ਸਬੰਧੀ ਕੋਈ ਕੁਤਾਹੀ ਵਰਤੀ ਗਈ ਜਾਂ ਆਪ ਨਿਮਨ ਹਸਤਾਖਰ ਦੀ ਪੂਰਵ ਪ੍ਰਵਾਨਗੀ ਤੋਂ ਬਿਨ੍ਹਾ ਬੀ.ਐਲ.ਓ. ਡਿਊਟੀ ਤੋਂ ਗੈਰ ਹਾਜਰ ਪਾਏ ਗਏ ਤਾਂ ਇਹ ਸਮਝ ਲਿਆ ਜਾਵੇਗਾ ਕਿ ਆਪ ਦਾ ਬੀ.ਐਲ.ਓ ਡਿਊਟੀ ਸਬੰਧੀ ਰਵੱਈਆ ਸਕਾਰਾਤਮਕ ਨਹੀਂ ਹੈ ਅਤੇ ਆਪ ਵਲੋਂ ਲੋਕ ਪ੍ਰਤੀਨਿਧਤਾ ਐਕਟ 1950 ਦੀ ਧਾਰਾ 32 ਦੀ ਉਲੰਘਣਾ ਕੀਤੀ ਜਾ ਰਹੀ ਹੈ। **ਆਪ ਦੇ ਖਿਲਾਫ ਇਸ** ਧਾਰਾ ਤਹਿਤ ਅਗਲੇਰੀ ਕਾਰਵਾਈ ਅਮਲ ਵਿੱਚ ਲਿਆਂਦੀ ਜਾਵੇਗੀ।

ਚੋਣਕਾਰ ਰਜਿਸਟਰੇਸ਼ਨ ਅਫਸਰ,
092 ਬਠਿੰਡਾ ਸ਼ਹਿਰੀ-ਕਮ-
ਉਪ ਮੰਡਲ ਮੈਜਿਸਟਰੇਟ, ਬਠਿੰਡਾ।

ਪਿੱਠ ਅੰਕਣ ਨੰ: 555-57/ਚੋਣਾਂ ਮਿਤੀ: 08/05/2026

ਇਸ ਦਾ ਇੱਕ ਉਤਾਰਾ:-

01. ਜ਼ਿਲ੍ਹਾ ਚੋਣ ਅਫ਼ਸਰ-ਕਮ-ਡਿਪਟੀ ਕਮਿਸ਼ਨਰ ਬਠਿੰਡਾ ਜੀ ਪਾਸ ਸੂਚਨਾ ਹਿੱਤ ਭੇਜਿਆ ਜਾਂਦਾ ਹੈ।

02. ਸਬੰਧਤ ਵਿਭਾਗਾ ਦੇ ਮੁੱਖੀਆਂ ਨੂੰ ਹਦਾਇਤ ਕੀਤੀ ਜਾਂਦੀ ਹੈ ਕਿ ਨਾਲ ਨਥੀ ਲਿਸਟ ਅਨੁਸਾਰ ਸਬੰਧਤ ਕਰਮਚਾਰੀਆਂ ਨੂੰ ਦਫਤਰੀ ਡਿਊਟੀ ਤੋਂ ਫਾਰਗ ਕੀਤਾ ਜਾਵੇ ਅਤੇ ਚੋਣ ਡਿਊਟੀ ਕਰਨ ਲਈ ਪਾਬੰਦ ਕੀਤਾ ਜਾਵੇ। ਨਿਮਨਹਸਤਾਖਰ ਦੇ ਧਿਆਨ ਵਿੱਚ ਆਇਆ ਹੈ ਕਿ **ਕੁੱਲ ਵਿਭਾਗਾ ਦੇ ਮੁੱਖੀਆਂ ਵੱਲੋਂ ਆਪਣੇ ਅਧੀਨ ਆਉਂਦੇ ਕਰਮਚਾਰੀਆਂ ਨੂੰ ਚੋਣ ਡਿਊਟੀ ਲਈ ਫਾਰਗ ਨਹੀ ਕੀਤਾ ਜਾਂਦਾ, ਅਜਿਹਾ ਹੋਣ ਦੀ ਸੁਰਤ ਵਿੱਚ ਇਹ ਸਮਝ ਲਿਆ ਜਾਵੇਗਾ ਕਿ ਆਪ ਵਲੋਂ ਚੋਣਾਂ ਦੀ ਕੰਮ ਵਿੱਚ ਵਿਘਨ ਪਾਉਣ ਦੀ ਕੋਸ਼ਿਸ਼ ਕੀਤੀ ਜਾ ਰਹੀ ਹੈ ਅਤੇ ਆਪ ਦੇ ਖਿਲਾਫ ਚੋਣਾਂ ਦੇ ਕੰਮ ਵਿੱਚ ਵਿਘਣ ਪਾਉਣ ਲਈ ਅਗਲੇਰੀ ਕਾਰਵਾਈ ਆਰੰਭੀ ਜਾਵੇਗੀ।**

03. ਸਬੰਧਤ ਸੈਕਟਰ ਅਫਸਰ 092 ਬਠਿੰਡਾ (ਸ਼ਹਿਰੀ) ਪਾਸ ਭੇਜ ਕੇ ਲਿਖਿਆ ਜਾਂਦਾ ਹੈ ਕਿ ਆਪ ਨਾਲ ਸਬੰਧਤ ਬੀ.ਐਲ.ਓਜ਼ ਦੀ ਰੋਜਾਨਾ ਪੱਧਰ ਕੀਤੀ ਗਈ ਮੈਪਿੰਗ ਦੀ ਰਿਪੋਰਟ ਬੂਥ ਵਾਈਜ਼ ਸੀ.ਆਰ.ਓ. ਗਰੁੱਪ ਵਿੱਚ ਸਾਂਝੀ ਕੀਤੀ ਜਾਵੇ। ਜੇਕਰ ਕਿਸੇ ਬੀ.ਐਲ.ਓ ਵਲੋਂ ਬੀ.ਐਲ.ਓ ਡਿਊਟੀ ਸਬੰਧੀ ਕੋਈ ਕੁਤਾਹੀ ਵਰਤੀ ਜਾਂਦੀ ਹੈ ਤਾਂ ਤੁਰੰਤ ਨਿਮਨ-ਹਸਤਾਖਰ ਦੇ ਦਫਤਰ ਵਿਖੇ ਲਿਖਤੀ ਰੂਪ ਵਿੱਚ ਧਿਆਨ ਵਿੱਚ ਲਿਆਂਦਾ ਜਾਵੇ।

ਚੋਣਕਾਰ ਰਜਿਸਟਰੇਸ਼ਨ ਅਫਸਰ,
092 ਬਠਿੰਡਾ ਸ਼ਹਿਰੀ-ਕਮ-
ਉਪ ਮੰਡਲ ਮੈਜਿਸਟਰੇਟ, ਬਠਿੰਡਾ।

ਦਫਤਰ ਜਿਲ੍ਹਾ ਸਿੱਖਿਆ ਅਫਸਰ (ਸੈ.ਸਿ)ਬਠਿੰਡਾ

ਪਿਠ ਅੰਕਣ ਨੰ ਜੀ-1/1 ()2026/ 9039 ਮਿਤੀ : 11.05.2026

ਉਕਤ ਦਾ ਉਤਾਰਾ ਸਮੂਹ ਸਕੂਲ ਮੁਖੀਆਂ ਨੂੰ, ਭੇਜਕੇ ਲਿਖਿਆ ਜਾਂਦਾ ਹੈ ਕਿ ਸਬੰਧਤ ਕਰਮਚਾਰੀ ਨੂੰ ਉਕਤ ਅਨੁਸਾਰ ਲਗਾਈ ਗਈ ਡਿਊਟੀ ਲਈ ਪਾਬੰਦ ਕੀਤਾ ਜਾਵੇ।

11/05/26
ਜਿਲ੍ਹਾ ਸਿੱਖਿਆ ਅਫਸਰ (ਸੈ.ਸਿ)
ਬਠਿੰਡਾ।